بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 23.10.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 23 ਅਕਤੂਬਰ 2015 ਈ. ਨੂੰ ਜਰਮਨੀ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਇਹ ਰੱਬ ਦੀ ਮਿਹਰ ਤੇ ਉਪਕਾਰ ਹੈ ਕਿ ਹਰ ਸਫ਼ਰ ਵਿੱਚ ਆਪਣੀ ਤਾਈਦ (ਪਖੱਤਾ) ਤੇ ਕੁਦਰਤ ਦੇ ਨਿਸ਼ਾਨ ਦਿਖਾਉਂਦਾ ਹੈ । ਫ਼ਰਮਾਇਆ : ਬੀਤੇ ਦਿਨੀ ਮੈਂ ਹਾਲੈਂਡ ਅਤੇ ਜਰਮਨੀ ਦੀ ਜਾਤਰਾ ਉਪੱਰ ਸੀ ਨਨਸਪੀਟ ਦਾ ਖੇਤਰ ਜਿੱਥੇ ਸਾਡਾ ਸੈਂਟਰ ਹੈ ਓਥੋਂ ਦੇ ਇਕ ਮੈਂਬਰ ਪਾਰਲੀਮੈਂਟ ਜਿਨ੍ਹਾਂ ਤੋਂ ਦੋ ਤਿੰਨ ਸਾਲ ਪਹਿਲਾਂ ਜਮਾਤ ਦਾ ਪਰੀਚੈ ਹੋਇਆ ਸੀ ਅਤੇ ਉਹ ਮੈਨੂੰ ਵੀ ਹਾਲੈਂਡ ਦੇ ਇਕ ਜਲਸੇ ਵਿੱਚ ਮਿਲ ਚੁਕੇ ਹਨ । ਉਹਨਾਂ ਰਾਹੀਂ ਹਾਲੈਂਡ ਦੀ ਪਾਰਲੀਮੈਂਟ ਹਾਊਸ ਵਿੱਚ ਇਕ ਫ਼ੰਗਸ਼ਨ ਕਰਾਉਣ ਦਾ ਰੱਬ ਨੇ ਸਾਧਨ ਬਣਾ ਦਿਤੱਾ । ਰੱਬ ਦੀ ਮਿਹਰ ਨਾਲ ਹਾਲੈਂਡ ਦੀ ਜਮਾਤ ਦੇ ਹਾਲਾਤਾਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਜੇਕਰ ਦੇਖਿਆ ਜਾਵੇ ਤਾਂ ਮੇਰੇ ਵਿਚਾਰ ਅਨੁਸਾਰ ਵਾਹਵਾ ਚੰਗਾ ਫ਼ੰਗਸ਼ਨ ਹੋ ਨਿਬੜਿਆ ।

ਇਸ ਅਯੋਜਨ ਵਿੱਚ 89 ਸਿਰਕੱਢ ਵਿਅਕਤੀਆਂ ਨੇ ਭਾਗ ਲਿਆ ਜਿੰਨ੍ਹਾ ਵਿੱਚ ਡੱਚ ਪਾਰਲੀਮੈਂਟ ਦੇ ਮੈਂਬਰਾਂ ਤੋਂ ਬਿਨਾ ਸਪੇਨ, ਆਇਰਲੈਂਡ, ਸਵੀਡਨ, ਕਰੋਸ਼ੀਯਾ, ਮੋਂਟੀਨੀਗਰੋ, ਅਲਬਾਨੀਆ, ਫ਼ਰਾਂਸ, ਸਵਿਟਜ਼ਰਲੈਂਡ, ਬੈਂਲਜੀਅਮ, ਜਰਮਨੀ, ਇੰਡੀਆ, ਫ਼ਿਲਪਾਈਨ, ਡੈਂਨਮਾਰਕ ਅਤੇ ਸਾਈਪਰਸ ਨਾਲ ਸੰਬੰਧ ਰਖੱਣ ਵਾਲੇ ਮੈਂਬਰ ਪਾਰਲੀਮੈਂਟ, ਅੰਬੈਸਡਰਜ਼ ਅਤੇ ਹੋਰ ਸਰਕਾਰੀ ਅਧਿਕਾਰੀ ਅਤੇ ਨੁਮਾਇੰਦੇ ਸ਼ਾਮਲ ਸਨ । ਹਾਲੈਂਡ ਦੀ ਜਮਾਤ ਨੇ ਹੁਣ ਜੋ ਪੈਰ੍ਹ ਪੁੱਟਿਆ ਹੈ ਸੰਬੰਧ ਬਣਾਏ ਹਨ ਅਖ਼ਬਾਰਾਂ ਤੋਂ ਰਾਬਤੇ ਕੀਤੇ ਹਨ, ਮੈਨੂੰ ਆਸ ਹੈ ਕਿ ਉਹ ਇਸ ਨੂੰ ਹੋਰ ਵੀ ਅੱਗੇ ਵਧਾਉਣ ਦਾ ਜਤਨ ਕਰਨਗੇ, ਜੋ ਕੰਮ ਉਹਨਾਂ ਨੇ ਕਰ ਦਿਤੱਾ ਹੁਣ ਤੱਕ ਉਹ ਇਸ ਨੂੰ ਆਪਣੀ ਅਖੀਰ ਨਹੀ ਸਮਝਣਗੇ । ਓਥੇ ਪਾਲੀਮੈਂਟ ਹਾਉਸ ਵਿੱਚ ਜੋ ਫ਼ੰਗਸ਼ਨ ਸੀ, ਓਥੇ ਮੈਂ ਅਠਾਰ੍ਹਾਂ ਵੀਹ ਮਿੰਟ ਅਤਿ ਸੰਖੇਪ ਜਿਹੀ ਇਸਲਾਮੀ ਸਿੱਖਿਆ ਅਤੇ ਵਰਤਮਾਨ ਸਿਥਿਤੀ ਦੇ ਹਵਾਲੇ ਨਾਲ ਸਮੱਸਿਆਵਾਂ ਵਰਨਣ ਕੀਤੀਆਂ । ਇਸ ਪ੍ਰੋਗਰਾਮ ਵਿੱਚ ਸ਼ਾਮਲ ਮਹਿਮਾਨਾਂ ਅਤੇ ਪ੍ਰੋਗਰਾਮ ਸੁਨਣ ਵਾਲੇ ਜੋ ਦੂਜੇ ਲੋਕ ਸਨ ਉਹਨਾਂ ਉਪੱਰ ਇਸਲਾਮ ਦੀ ਸਿੱਖਿਆ ਦਾ ਚੰਗਾ ਪ੍ਰਭਾਵ ਪਿਆ ਹੈ ।

ਬਹਿਰਹਾਲ ਇਹ ਰੱਬ ਦਾ ਕੰਮ ਹੈ ਇਸ ਲਈ ਉਹ ਦਿਲਾਂ ਓਪੱਰ ਕਬਜ਼ਾ ਕਰਕੇ ਰੁਹਬ ਪਾਉਂਦਾ ਹੈ, ਮਨੁੱਖੀ ਜਤਨ ਤਾਂ ਕੁਝ ਵੀ ਨਹੀਂ ਕਰ ਸਕਦੇ । ਇਹ ਪ੍ਰੋਗਰਾਮ ਨਿਰਧਾਰਤ ਹੋਣਾ ਰੱਬ ਦੀ ਆਪਣੀ ਵਿਸ਼ੇਸ਼ ਮਿਹਰ ਹੈ ਨਹੀਂ ਤਾਂ ਹਾਲੈਂਡ ਦੀ ਜਮਾਤ ਜੇਕਰ ਕਹੇ ਕਿ ਕਿਸੇ ਦੇ ਜਤਨਾ ਨਾਲ ਇਹ ਹੋਇਆ ਹੈ ਜਾਂ ਜਮਾਤ ਦੇ ਜਤਨਾਂ ਨਾਲ ਹੋਇਆ ਹੈ ਜਾਂ ਕਿਸੇ ਵਿਸ਼ੇਸ਼ ਵਿਅਕਤੀ ਦੇ ਜਤਨਾਂ ਨਾਲ ਹੋਇਆ ਹੈ ਤਾਂ ਗ਼ਲਤ ਹੈ ਸਗੋਂ ਮੇਰਾ ਵਿਚਾਰ ਹੈ ਕਿ ਬਹੁਤੇ ਤਾਂ ਇਹੋ ਕਹਿਣਗੇ ਕਿ ਸਾਨੂੰ ਤਾਂ ਸਮਝ ਹੀ ਨਹੀਂ ਆਉਂਦਾ ਕਿ ਇਹ ਕਿਵੇਂ ਹੋ ਗਿਆ । ਜਿਸ ਮੈਂਬਰ ਪਾਰਲੀਮੈਂਟ ਨੇ ਇਸ ਇਸ ਦੀ ਵਿਵਸਥਾ ਕੀਤੀ ਸੀ,

ਉਹਨਾਂ ਨੇ ਮੈਨੂੰ ਕਿਹਾ ਕਿ ਮੈਥੋਂ ਬਹੁਤ ਸਾਰੇ ਮੈਂਬਰ ਪਾਰਲੀਮੈਂਟ ਨੇ ਪੁੱਛਿਆ ਕਿ ਇਹ ਪ੍ਰੋਗਰਾਮ ਤੁਸੀਂ ਕਿਵੇਂ ਆਯੋਜਤ ਕਰਵਾ ਲਿਆ । ਕੇਵਲ ਆਪਣੇ ਹੀ ਨਹੀਂ ਸਗੋਂ ਹੋਰਨਾ ਨੇੜੇ ਵੀ ਇਹ ਬਹੁਤ ਔਖਾ ਕੰਮ ਸੀ ਇਕ ਛੋਟੀ ਜਿਹੀ ਜਮਾਤ ਦਾ ਪ੍ਰਗਰਾਮ ਇਸ ਪ੍ਰਕਾਰ ਪਾਰਲੀਮੈਂਟ ਹਾਉਸ ਵਿੱਚ ਆਯੋਜਤ ਕੀਤ ਜਾਂਦਾ । ਇਹ ਮੈਂਬਰ ਆਫ਼ ਪਾਰਲੀਮੈਂਟ ਕਹਿੰਦੇ ਹਨ ਕਿ ਇਹ ਪ੍ਰੋਗਰਾਮ ਜੋ ਸੀ ਮੇਰੀ ਆਸ਼ਾ ਤੋਂ ਹਾਜ਼ਰੀ ਆਦਿ ਦੇ ਪੱਖੋਂ ਅਤੇ ਜੋ ਵਿਸ਼ੇ ਦੇ ਪੱਖੋਂ ਵਰਨਣ ਹੋਇਆ ਹੈ ਬਹੁਤ ਹੀ ਚੰਗਾ ਤੇ ਸਫ਼ਲ ਰਿਹਾ ਹੈ ਅਤੇ ਇਹ ਕਹਿੰਦੇ ਹਨ ਕਿ ਇਸ ਦੇ ਦੂਰ ਦੁਰਾਡੇ ਪਰਿਣਾਮ ਨਿਕਲਣਗੇ ਕਿਉਂਕਿ ਜਮਾਤ ਅਹਮਦੀਆ ਦੇ ਇਮਾਮ ਸਾਹਬ ਨੇ ਆਪਣਾ ਸੰਦੇਸ਼ ਅਤਿਅੰਤ ਢੁਕੱਵੇਂ ਰੂਪ ਵਿੱਚ ਦਿੱਤਾ ਹੈ, ਹਾਲੈਂਡ ਦੇ ਲੋਕਾਂ ਦਾ ਇਹ ਹੱਕ ਹੈ ਕਿ ਉਹਨਾਂ ਨੂੰ ਇਸਲਾਮ ਦਾ ਸ਼ਾਂਤੀ ਭਰਪੂਰ ਮੁਖੜਾ ਦਿਖਾਇਆ ਜਾਵੇ । ਉਹਨਾਂ ਨੂੰ ਇਸ ਸੰਦੇਸ਼ ਦੀ ਲੋੜ ਹੈ । ਖ਼ਲੀਫ਼ਾਤੁਲ ਮਸੀਹ ਨਾਲ ਪਾਰਲੀਮੈਂਟ ਦੇ ਸਮਾਰੋਹ ਦਾ ਪਹਿਲਾ ਕਦਮ ਸੀ । ਹੁਣ ਅਸੀਂ ਹੋਰ ਅਜਿਹੇ ਪ੍ਰੋਗਰਾਮਾ ਦਾ ਆਯੋਜਨ ਕਰਾਂਗੇ । ਹੋਰ ਵੀ ਅਨੇਕਾਂ ਮਾਨਯੋਗ ਮਹਿਮਾਨਾਂ ਨੇ ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਹੋਇਆਂ ਇਸਲਾਮ ਦੀ ਵਾਸਤਵਿਕ ਸਿੱਖਿਆ ਦਾ ਚਿਹਰਾ ਦਿਖਾਉਣ'ਤੇ ਧੰਨਵਾਦ ਕੀਤਾ । ਹਾਲੈਂਡ ਦੇ ਸਾਬਕਾ ਰੱਖਿਆ ਮੰਤਰੀ ਵੀ ਇਸ ਸਮਾਰੋਹ ਵਿੱਚ ਸ਼ਾਮਲ ਹੋਏ । ਫ਼ੰਗਸ਼ਨ ਦੇ ਬਾਦ ਵੀ ਮੇਰੇ ਨਾਲ ਪਹੁਤ ਦੇਰ ਤੱਕ ਬੈਠੇ ਰਹੇ ਅਤੇ ਗੱਲ੍ਹਾਂ ਕਰਦੇ ਰਹੇ । ਉਹਨਾਂ ਨੇ ਆਪਣੇ ਵਿਚਾਰ ਪ੍ਰਕਟ ਕਰਦਿਆਂ ਹੋਇਆਂ ਕਿਹਾ ਕਿ ਆਪ ਦੇ ਸੰਦੇਸ਼ ਨਾਲ ਇਸਲਾਮ ਦਾ ਵਾਸਤਵਿਕ ਚਿਹਰਾ ਦੇਖਣ ਦਾ ਅਵਸਰ ਪ੍ਰਦਾਨ ਹੋਇਆ ਹੈ ਅਤੇ ਹੁਣ ਇਹ ਇੱਛਾ ਹੈ ਕਿ ਆਪ ਵਾਰ ਵਾਰ ਹਾਲੈਂਡ ਆਉਣ ਤਾਂ ਜੋ ਲੋਕਾਂ ਦੇ ਦਿਲ ਵਿੱਚੋਂ ਇਸਲਾਮ ਦਾ ਡਰ ਨਿਕਲ ਜਾਏ । ਫਿਰ ਕਹਿੰਦੇ ਹਨ ਕਿ ਪਾਰਲੀਮਾਨੀ ਕਮੇਟੀ ਦੇ ਪ੍ਰਸ਼ਨਾ'ਤੇ ਆਪ ਦੇ ਉਤੱਰ ਕਿਸੇ ਵੀ ਮੁਨਾਸਬ ਸੋਚ ਰਖੱਣ ਵਾਲੇ ਵਿਅਕਤੀ ਦੀਆਂ ਅੱਖਾਂ ਖੋਲ੍ਹ ਦੇਣ ਲਈ ਬਹੁਤ ਸਨ ।

ਫਿਰ ਇਸ ਸਮਾਰੋਹ ਵਿੱਚ ਸਪੇਨ ਦੇ ਅੰਬੈਸਡਰ ਵੀ ਆਏ ਹੋਏ ਸਨ ਉਹ ਕਹਿੰਦੇ ਹਨ ਕਿ ਵਿਸ਼ੇਸ਼ ਕਰਕੇ ਜਿਵੇਂ ਇਮਾਮ ਜਮਤਾ ਅਹਮਦੀਆ ਨੇ freedom of speech ਝਲੱਣ ਤੇ ਹੋਰਨਾ ਧਰਮਾ ਲਈ ਸਨਮਾਨ ਆਦਿ ਜਿਹੇ ਸੰਵੇਦਨਸ਼ੀਲ ਪ੍ਰਸ਼ਨਾ ਦੇ ਉਤੱਰ ਦਿੱਤੇ, ਉਹ ਅਤਿਅੰਤ ਢੁੱਕਵੇਂ ਸਨ । ਅਤੇ ਫਿਰ ਇਹ ਵੀ ਕਿ ਸੰਬੋਧਨ ਵਿਚਕਾਰ ਧਾਰਮਕ ਸੁਤੰਤਰਤਾ ਅਤੇ ਭਾਈਚਾਰੇ ਬਾਰੇ ਜੋ ਗੱਲਾਂ ਇਸਲਾਮ ਦੀ ਸਿੱਖਿਆ ਅਨੁਸਾਰ ਵਰਨਣ ਕੀਤੀਆਂ ਇਹ ਦਿਲ ਨੂੰ ਛੂਹਦੀਆਂ ਹਨ ਅਤੇ ਮੈਂ ਇਹਨਾਂ ਦਾ ਸਮਰਥਨ ਕਰਦਾ ਹਾਂ ਕਿਉਂਕਿ ਅੰਤਰਧਾਰਮਕ ਏਕਤਾ ਅਤੇ ਵਿਸ਼ਵ ਸ਼ਾਂਤੀ ਲਈ ਇਹਨਾਂ ਕਦਰਾਂ ਕੀਮਤਾਂ ਦਾ ਖ਼ਿਆਲ ਰਖੱਣਾ ਬਹੁਤ ਜ਼ਰੂਰੀ ਹੈ ।

ਸਪੇਨ ਦੇ ਮੈਂਬਰ ਆਫ਼ ਪਾਰਲੀਰਮੈਂਟ ਕਹਿੰਦੇ ਹਨ ਕਿ ਮਨੁੱਖਤਾ ਲਈ ਅਮਨ ਆਜ਼ਾਦੀ ਅਤੇ ਰੱਬ ਜੋ ਕਿ ਸਾਰੀ ਮਖ਼ਲੂਕ ਦਾ ਪੈਦਾ ਕਰਨ ਵਾਲਾ ਹੈ, ਉਸ ਨਾਲ ਪ੍ਰੇਮ ਦਾ ਆਕ੍ਰਸ਼ਕ ਸੰਦੇਸ਼ ਸੁਣ ਕੇ ਖ਼ੁਸ਼ੀ ਹੋਈ ਇਕ ਅਜਿਹੀ ਦੁਨੀਆ ਲਈ ਜਿੱਥੇ ਜੰਗਾ ਜੁਧੱਾਂ ਅਤੇ ਧਰਮ ਦੇ ਨਾਂ'ਤੇ ਕੀਤੇ ਜਾਣ ਵਾਲੇ ਅਤਿਆਜਾਰਾਂ ਵਿੱਚ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਹੈ । ਇਸ ਪ੍ਰਕਾਰ ਦੇ ਸ਼ਾਂਤੀ ਭਰਪੂਰ ਸੰਦੇਸ਼ ਉਪੱਰ ਸਨੂੰ ਧੰਨਵਾਦੀ ਹੋਣਾ ਚਹੀਦਾ ਹੈ । ਅੱਜ ਪਹਿਲਾਂ ਤੋਂ ਵੱਧਕੇ ਉਹਨਾਂ ਸਾਰਿਆਂ ਲੋਕਾਂ ਨੂੰ ਜੋ ਅਮਨ ਚਾਹੁੰਦੇ ਹਨ ਅਤੇ ਧਰਮ ਉਪੱਰ ਅਮਲ ਕਰਦੇ ਹਨ ਉਹਨਾਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ । ਸਾਨੂੰ ਇਹਨਾਂ ਗੱਲਾਂ ਉਪੱਰ ਧਿਆਨ ਦੇਣਾ ਚਾਹੀਦਾ ਹੈ ਜੋ ਸਾਡੇ ਵਿੱਚ ਸਾਂਝੀਆਂ ਹਨ ਬਜਾਏ ਇਸ ਦੇ ਕਿ ਅਸੀਂ ਆਪਣੇ ਵਿੱਚ ਪਾਏ ਜਾਣ ਵਾਲੇ ਮਤਿਭੇਤਾਂ ਉਪੱਰ ਜ਼ੋਰ ਦੇਈਏ ।

ਮੋਂਟੀਨੀਗਰੋ ਤੋਂ ਵੀ ਤਿੰਨ ਲੋਕ ਆਏ ਹੋਏ ਸਨ, ਇਕ ਮੈਂਬਰ ਆਫ਼ ਨੈਸ਼ਨਲ ਪਾਰਲੀਮੈਂਟ ਸਨ, ਇਹ ਕਹਿੰਦੇ ਹਨ ਕਿ ਇਹ ਸਮਾਰੋਹ ਜਮਾਤ ਲਈ ਇਕ ਬਹੁਤ ਵੱਡੀ ਸਫ਼ਲਤਾ ਹੈ ਕਿ ਉਹਨਾਂ ਦੇ ਇਮਾਮ ਨੇ ਇਸਲਾਮ ਦੀ ਵਾਸਤਵਿਕ ਸਿੱਖਿਆ ਅਤਿਅੰਤ ਉਚੱ ਪਧੱਰ'ਤੇ ਪੇਸ਼ ਕੀਤੀ ਹੈ । ਹਾਲੈਂਡ ਦੇ ਮੈਂਬਰ ਪਾਰਲੀਮੈਂਟ ਦੇ ਪ੍ਰਸ਼ਨ ਅਤਿਅੰਤ ਹਮਲਾਵਰ ਸਨ ਪਰ ਉਹਨਾਂ ਨੇ ਉਤੱਰ ਅਤਿਅੰਤ ਤਰਕਪੂਰਨ ਅਤੇ ਵਾਸਤਵਿਕਤਾ ਉਪੱਰ ਅਧਾਰਤ ਸਨ ਅਤੇ ਇਹ ਗੱਲ ਪ੍ਰਕਟ ਕਰਦੀ ਹੈ ਕਿ

ਇਮਾਮ ਜਮਾਤ ਅਹਮਦੀਆ ਹਿੰਮਤੀ, ਦਲੇਰ ਤੇ ਭਰੋਸੇ ਨਾਲ ਦਲੀਲ ਨਾਲ ਗੱਲ ਕਰਦੇ ਹਨ । ਉਹਨਾਂ ਨੇ ਕਿਹਾ ਕਿ ਅੱਜ ਖ਼ਤਰਿਆਂ ਭਰਪੂਰ ਦੁਨੀਆ ਵਿੱਚ ਅਜਿਹੇ ਸਮਾਰੋਹਾਂ ਦੀ ਅਤਿਅੰਤ ਲੋੜ ਹੈ ।

ਹਿਊਮੈਂਨ ਰਾਈਟਸ ਡਿਫ਼ੈਂਸ ਦੀ ਦੋ ਮੈਂਬਰ ਓਥੇ ਮੌਜੂਦ ਸਨ ਉਹ ਵੀ ਕਹਿੰਦੀ ਹਨ ਕਿ ਇਹ ਸੰਦੇਸ਼ ਜੋ ਪਾਰਲੀਮੈਂਟ ਵਿੱਚ ਦਿੱਤਾ ਗਿਆ ਹੈ ਇਹ ਸਾਰਾ ਪਾਲਸੀਮੇਕਰ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ ।

ਕਰੋਸ਼ੀਯਾ ਤੋਂ ਸਤੱਾਧਾਰੀ ਪਾਰਟੀ ਦੇ ਇਕ ਮੈਂਬਰ ਆਫ਼ ਪਾਰਲੀਮੈਂਟ ਆਏ ਹੋਏ ਸਨ । ਉਹ ਕਹਿੰਦੇ ਹਨ ਕਿ ਇਮਾਮ ਜਮਾਤ ਅਹਮਦੀਆ ਨੇ ਇਸਲਾਮੀ ਸਿੱਖਿਆ ਨੂੰ ਬਹੁਤ ਹੀ ਪ੍ਰਤੱਖ ਤੇ ਢੁਕੱਵੇਂ ਰੂਪ ਵਿੱਚ ਵਰਨਣ ਕੀਤਾ । ਦੁਨੀਆ ਵਿੱਚ ਅਮਨ ਦੀ ਸਥਾਪਨਾ ਲਈ ਇਸਲਾਮੀ ਸਿੱਖਿਆਵਾਂ ਬਹੁਤ ਢੁਕੱਵੀਆਂ ਹਨ । ਜੇਕਰ ਸਾਰੇ ਮੁਸਲਮਾਨ ਇਹਨਾਂ ਸਿੱਖਿਆਵਾਂ ਉਪੱਰ ਸੱਚੇ ਮਨ ਨਾਲ ਅਮਲ ਕਰਨ ਤਾਂ ਦੁਨੀਆ ਅਮਨ ਦਾ ਟਿਕਾਣਾ ਬਣ ਸਕਦੀ ਹੈ । ਉਹਨਾਂ ਨੇ ਕਿਹਾ ਕਿ freedom of speech ਬਾਰੇ ਜਮਾਤ ਅਹਮਦੀਆ ਦੇ ਆਗੂ ਨੇ ਜੋ ਦੋ ਟੋਕ ਸਟੈਂਡ ਦਿੱਤਾ ਹੈ ਉਹ ਬਹੁਤ ਹੀ ਪ੍ਰਭਾਵੀ ਸੀ । ਵਿਸ਼ੇਸ਼ ਕਰਕੇ ਹੋਲੋਕੋਸਟ ਬਾਰੇ । ਕਈ ਦੇਸ਼ਾਂ ਵਿੱਚ ਜੋ ਪਾਬੰਦੀਆਂ ਹਨ ਉਹਨਾਂ ਦੇ ਹਵਾਲੇ ਨੇ ਉਹਨਾਂ ਦੇ ਸਟੈਂਡ ਨੂੰ ਹੋਰ ਵੀ ਪ੍ਰੋੜ੍ਹਤਾ ਦਿੱਤੀ ਹੈ । ਫਿਰ ਕਹਿੰਦੇ ਹਨ ਕਿ ਇਸ ਵਾਸਤਵਿਕਤਾ ਦੇ ਹੁੰਦਿਆਂ ਹੋਇਆਂ ਵੀ ਪਾਕਿਸਤਾਨ ਵਿੱਚ ਅਹਦੀਆਂ ਉਪੱਰ ਅਤਿਅਚਾਰ ਹੋਏ ਹਨ । ਜਮਾਤ ਅਹਮਦੀਆ ਦੇ ਸਰਬਰਾਹ ਨੇ ਪਾਕਿਸਤਾਨ ਉਪੱਰ ਸਿੱਧੇ ਰੂਪ ਵਿੱਚ ਟਿਪੱਣੀ ਕਰਨ ਤੋਂ ਗੁਰੇਜ਼ ਕੀਤਾ ਅਤੇ ਉਮਦਾ ਅੰਦਾਜ਼ ਵਿੱਚ ਵਾਸਤਵਿਕ ਇਸਲਾਮੀ ਸਿੱਖਿਆ ਉਪੱਰ ਮੁਸਲਮਾਨਾਂ ਨੂੰ ਅਮਲ ਕਰਨ ਦੀ ਹਿਦਾਇਤ ਕੀਤੀ, ਜੋ ਕਿ ਬਹੁਤ ਹੀ ਪ੍ਰਭਾਵੀ ਸੀ । ਕਹਿੰਦੇ ਹਨ ਕਿ ਹੱਥਿਆਰਾਂ ਉਪੱਰ ਪਾਬੰਦੀ ਅਤੇ ਫ਼ੰਡਿੰਗ ਰੋਕਣ'ਤੇ ਜੋ ਸਟੈਂਡ ਦਿੱਤਾ ਹੈ ਬਹੁਤ ਹੀ ਹਕੀਕਤ ਪਸੰਦ ਸੀ । ਵਾਕਈ ਜੇਕਰ ਦੁਨੀਆ ਦੇ ਸ਼ਕਤੀਸ਼ਾਲੀ ਦੇਸ਼ ਇਹਨਾਂ ਨੁਕਤਿਆਂ ਉਪੱਰ ਗੰਭੀਰਤਾ ਤੇ ਈਮਾਨਦਾਰੀ ਨਾਲ ਅਮਲ ਕਰਨ ਤਾਂ ਦੁਨੀਆ ਅਮਨ ਸ਼ਾਂਤੀ ਵੱਲ ਪਰਤ ਸਕਦੀ ਹੈ ।

ਸਵੀਡਨ ਤੋਂ ਆਉਣ ਵਾਲੇ ਮੈਂਬਰ ਆਫ਼ ਮਾਰਲੀਮੈਂਟ ਕਹਿੰਦੇ ਹਨ ਕਿ ਇਹ ਸੰਬੋਧਨ ਬਹੁਤ ਹੀ ਚੰਗਾ ਸੀ ਪ੍ਰਭਾਵ ਕਰਨ ਵਾਲਾ ਸੀ ਅਤੇ ਧਾਰਮਕ ਲੀਡਰ ਹੋਣ ਦੇ ਰੁਤਬੇ ਕਰਕੇ ਆਪ ਨੇ ਦੁਨੀਆ ਦੇ ਸਾਹਿਬੇ ਅਖ਼ਤਿਆਰ ਲੋਕਾਂ ਨੂੰ ਝੰਜੋੜਿਆ ਹੈ, ਭਾਸ਼ਣ ਵਿੱਚ ਇਕ ਸਚੱਾਈ ਸੀ, ਬਣਾਉਟੀਪਣ ਨਹੀਂ ਸੀ । ਅਮਨ, ਇੰਸਾਫ਼ ਪਸੰਦ ਮਨੁੱਖਤਾ, ਪ੍ਰੇਮ ਅਤੇ ਭਾਈਚਾਰੇ ਨਾਲ ਸੰਬੰਧਤ ਇਮਾਮ ਜਮਾਤ ਨੇ ਬਹੁਤ ਸਰਲ ਸ਼ਬਦਾਂ ਵਿੱਚ ਧਿਆਨ ਦੁਆਇਆ ਹੈ ਅਤੇ ਦੁਨੀਆ ਨੂੰ ਇਕ ਸੰਦੇਸ਼ ਦਿੱਤਾ ਹੈ ।

Amsterdam university ਦੇ ਪ੍ਰੋਫ਼ੈਸਰ ਜੋ ਬੁੱਧ ਇਜ਼ਮ, ਇਸਲਾਮ ਅਤੇ ਹੋਰਨਾ ਧਰਮਾ ਦੇ ਮਾਹਿਰ ਹਨ, ਉਹਨਾਂ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਿਹਾ ਕਿ ਇਮਾਮ ਜਮਾਤ ਨੇ ਇਸਲਾਮ ਦੀ ਅਮਨ ਦੇ ਹਵਾਲੇ ਨਾਲ ਸਿੱਖਿਆ ਦਾ ਜਿਸ ਸਪਸ਼ਟਤਾ ਨਾਲ ਵਰਨਣ ਕੀਤਾ ਹੈ ਇਸ ਤੋਂ ਮੈਂਨੂੰ ਇਸ ਗੱਲ ਦਾ ਅੰਦਾਜ਼ਾ ਹੋਇਆ ਹੈ ਕਿ ਸਾਡੇ ਇੰਟਰਫ਼ੇਥ ਡਾਇਲਾਗ ਦੇ ਪ੍ਰੋਗਰਾਮਾ ਵਿੱਚ ਜਮਾਤ ਦੀ ਨੁਮਾਇੰਦਗੀ ਲਾਜ਼ਮੀ ਹੈ । ਹੁਣ ਜਮਾਤ ਨੂੰ ਸਾਡੇ ਪ੍ਰੋਗਰਾਮਾ ਵਿੱਚ ਜ਼ਰੂਰ ਸ਼ਾਮਲ ਹੋਣਾ ਚਹੀਦਾ ਹੈ ਤਾਂ ਜੋ ਇਸਲਾਮ ਦਾ ਅਸਲ ਤੇ ਵਾਸਤਵਿਕ ਚਿਤੱਰ ਸਾਡੇ ਸਾਹਮਣੇ ਆ ਸਕੇ ।

ਚਾਰ ਪੰਜ ਦਿਨ ਹਾਲੈਂਡ ਵਿੱਚ ਠਹਿਰਨ ਦੌਰਾਨ ਪ੍ਰਤੀਦਿਨ ਕਿਸੇ ਨ ਕਿਸੇ ਅਖ਼ਬਾਰ ਰੇਡੀਓ ਅਤੇ ਟੈਲੀਵੀਜ਼ਨ ਦੇ ਨੁਮਾਇੰਦੇ ਆਣਕੇ ਇੰਟਰਵੀਊ ਲੈਂਦੇ ਰਹੇ । ਉਹਨਾਂ ਤੋਂ ਵਾਹਵਾ ਲੰਮੀਆਂ ਗੱਲਾਂ ਹੁੰਦੀਆਂ ਰਹੀਆਂ । ਅੱਧੇ ਘੰਟੇ ਤੋਂ ਲੈਕੇ ਪੈਂਤੀ ਚਾਲ੍ਹੀ ਮਿੰਟ ਤੱਕ ਵੀ ਇਕ ਇਕ ਇੰਟਰਵੀਊ ਹੋਇਆ ਜਿਸ ਵਿੱਚ ਉਹਨਾਂ ਨੂੰ ਹਜ਼ਰਤ ਮਸੀਹ ਮੌਊਦ ਅਲਹਿਸੱਲਾਮ ਦੇ ਮੁਕਾਮ, ਦਾਵਾ ਤੇ ਇਸਲਾਮ ਦੀ ਸਿੱਖਿਆ ਅਤੇ ਦੁਨੀਆ ਦਾ ਅਮਨ ਤੇ ਸ਼ਾਂਤੀ, ਖ਼ਿਲਾਫ਼ਤ ਆਦਿ ਵਿਸ਼ਿਆਂ ਉਪੱਰ ਦੱਸਿਆ ਗਿਆ । ਸਾਮੂਹਿਕ ਰੂਪ ਵਿੱਚ ਦੇਖਿਆ ਜਾਵੇ ਤਾਂ ਮੀਡੀਆ ਰਾਹੀਂ ਹਾਲੈਂਡ ਵਿੱਚ ਉਹਨਾਂ ਦੇ ਇਸ ਪਹਿਲੇ ਜਤਨ ਨਾਲ ਅੱਠ ਮਿਲੀਯਨ ਲੋਕਾਂ ਤੱਕ ਸੰਦੇਸ਼ ਪਹੁੰਚਿਆ ਹੈ ।

ਹਾਲੈਂਡ ਵਿੱਚ ਜਮਾਤ ਹਾਲੈਂਡ ਦੀ ਦੂਜੀ ਮਸਜਿਦ ਦਾ ਨੀਂਹ ਪਥੱਰ ਰਖੱਣ ਦੀ ਵੀ ਤੌਫ਼ੀਕ ਮਿਲੀ । ਅਲੱਾਹ ਤਆਲਾ ਇਸ ਦੀ ਉਸਾਰੀ ਵੀ ਛੇਤੀ ਕਰਵਾਏ । 60 ਸਾਲ ਬਾਦ ਬਕਾਇਦਾ ਮਸਜਿਦ ਜਮਾਤ ਓਥੇ ਬਣਾ ਰਹੀ ਹੈ । ਸੈਂਟਰ ਤਾਂ ਹਨ ਇਕ ਦੋ ਸੈਂਟਰ ਲਏ ਸਨ ਪਰ ਬਾਕਾਇਦਾ ਮਸਜਿਦ ਨਹੀਂ ਸੀ ਅਤੇ ਇਹ ਸਮੇਂ ਦੀ ਬਹੁਤ ਵੱਡੀ ਲੋੜ ਸੀ ਕਿ ਮਸਜਿਦ ਹੁੰਦੀ । ਨੀਂਹ ਪਥੱਰ ਦੇ ਸਮਾਰੋਹ ਵਿੱਚ ਸ਼ਾਮਲ ਮਹਿਮਾਨਾ ਦੀ ਸਾਮੂਹਿਕ ਗਿਣਤੀ 102 ਸੀ । ਅਲਮੀਰੇ ਸ਼ਹਿਰ ਜਿੱਥੇ ਮਸਜਿਦ ਬਣ ਰਹੀ ਹੈ ਓਥੋਂ ਦੇ ਮੇਅਰਜ਼ ਜੱਜਜ਼ ਵਕੀਲ ਡਾਕਟਰਜ਼ ਆਰਕੀਟੈਕਚਰਜ਼ ਧਾਰਮਕ ਲੀਡਰ ਅਤੇ ਜੀਵਨ ਦੇ ਵੱਖ ਵੱਖ ਵਿਭਾਗਾਂ ਨਾਲ ਸੰਬੰਧ ਰਖੱਣ ਵਾਲੇ ਮਹਿਮਾਨ ਸ਼ਾਮਲ ਸਨ । ਇਸ ਤੋਂ ਬਿਨਾ ਅਲਬਾਨੀਆ, ਮੋਂਟੀਨੀਗਰੋ, ਕਰੋਸ਼ੀਯਾ, ਸਵੀਡਨ, ਸਪੇਨ ਅਤੇ ਸਵਿਟਜ਼ਰਲੈਂਡ ਦੇ ਜੋ ਮਹਿਮਾਨ ਇਕ ਦਿਨ ਪਹਿਲਾਂ ਫ਼ੰਗਸ਼ਨ ਵਿੱਚ ਆਏ ਹੋਏ ਸਨ ਉਹ ਵੀ ਸ਼ਾਮਲ ਹੋ ਗਏ ।

ਅਲਮੀਰੇ ਦੇ ਮੇਅਰ ਸਾਹਬ ਨੇ ਵਿਚਾਰਾਂ ਪ੍ਰਗਟਾਵਾ ਕਰਦਿਆਂ ਹੋਇਆਂ ਕਿਹਾ ਕਿ ਆਪ ਦੀਆਂ ਗੱਲਾਂ ਸੁਣ ਕੇ ਦਿਲ ਉਪੱਰ ਬਹੁਤ ਪ੍ਰਭਾਵ ਹੋਇਆ ਹੈ ਅਤੇ ਇਹ ਸੰਦੇਸ਼ ਜੋ ਆਪ ਨੇ ਦਿੱਤਾ ਹੈ ਇਕ ਸ਼ਾਂਤੀ ਦਾ ਵਾਤਾਵਰਣ ਸਥਾਪਤ ਕਰਨ ਲਈ ਅਤਿਅੰਤ ਪ੍ਰਭਾਵੀ ਤੇ ਢੁਕੱਵਾਂ ਹੈ । ਅਤੇ ਸਾਨੂੰ ਸਾਰਿਆਂ ਨੂੰ ਮਿਲਕੇ ਇਸ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਦਾ ਜਤਨ ਕਰਨਾ ਚਾਹੀਦਾ ਹੈ । ਫਿਰ ਕਹਿੰਦੇ ਹਨ ਕਿ ਸਾਨੂੰ ਆਸ ਹੈ ਕਿ ਮਸਜਿਦ ਰਾਹੀਂ ਇਹ ਸੰਦੇਸ਼ ਅਮਨ ਦਾ ਸੰਦੇਸ਼ ਅਵਸ਼ ਫ਼ੈਲੇਗਾ ।

ਓਥੋਂ ਦੇ ਇਕ ਲੋਕਲ ਕੌਂਸਲ ਦੇ ਮੈਂਬਰ ਕਹਿੰਦੇ ਹਨ ਕਿ ਇਹ ਸੰਦੇਸ਼ ਜੋ ਹੈ ਸਾਰਿਆਂ ਮਤਾ ਦੇ ਲੋਕਾਂ ਲਈ ਮਾਰਗ ਦਰਸ਼ਨ ਹੈ ।

ਇਕ ਰਾਜਨੀਤਿਕ ਪਾਰਟੀ ਲਿਬਰਲ ਪਾਰਟੀ ਦੇ ਲੀਡਰ ਕਹਿੰਦੇ ਹਨ ਕਿ ਲਗੱਦਾ ਹੈ ਕਿ ਭਵਿੱਖ ਵਿੱਚ ਆਪ ਦੀ ਜਮਾਤ ਹੀ ਇਸ ਦੁਨੀਆਂ ਵਿੱਚ ਅਮਨ ਦੀ ਜ਼ਾਮਨ ਹੈ ।

ਓਥੇ ਇਕ ਮੁਸਲਿਮ ਰੇਡੀਓ ਵੀ ਰਲਦਾ ਹੈ ਨੈਸ਼ਨਲ ਮੁਸਲਿਮ ਰੇਡੀਓ ਦੇ ਨਾਂ'ਤੇ । ਜਿਸ ਦਿਨ ਮਸਜਿਦ ਦਾ ਨੀਂਹ ਪਥੱਰ ਰਖੱਣ ਦਾ ਪ੍ਰੋਗਰਾਮ ਸੀ, ਉਸੇ ਦਿਨ ਨੈਸ਼ਨਲ ਮੁਸਲਿਮ ਰੇਡੀਓ ਨੇ ਸਾਡੇ ਚਾਰ ਮਿੰਟ ਦੀ ਰਿਪੋਰਟ ਅਲਮੀਰੇ ਮਸਜਿਦ ਦੀ ਓਸਾਰੀ ਦੇ ਪ੍ਰੋਗਰਾਮ ਬਾਰੇ ਪ੍ਰਸਾਰਤ ਕੀਤੀ, ਜਿਸ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੇ ਪੁਨਰ ਉਥੱਾਨ ਬਾਰੇ ਦੱਸਿਆ ਗਿਆ ਅਤੇ ਮੇਰੇ ਬਾਰੇ ਵੀ ਦੱਸਿਆ ਗਿਆ ਕਿ ਮਸੀਹ ਮੌਊਦ ਦੇ ਖ਼ਲੀਫ਼ਾ ਹਨ ਅਤੇ ਅਲਮੀਰੇ ਵਿੱਚ ਮਸਜਿਦ ਦਾ ਨੀਂਹ ਪਥੱਰ ਰਖੱਣ ਲਈ ਆਏ ਹੋਏ ਹਨ । ਇਸ ਰਿਪੋਰਟ ਵਿੱਚ ਨੀਂਹ ਪਥੱਰ ਰਖੱਣ ਸਮੇਂ ਜੋ ਸੰਬੋਧਨ ਸੀ ਉਸ ਦੇ ਕੁਝ ਭਾਗ ਵੀ ਸੁਣਾਏ ।

ਹਜ਼ੂਰ ਅਯੱਦਾਹੁਲੱਾਹ ਤਅਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ, ਇਸ ਦੇ ਬਾਦ ਜਰਮਨੀ ਵਿੱਚ ਦੋ ਮਸਜਿਦਾਂ ਦੀ ਨੀਂਹ ਰੱਖੀ । ਓਥੇ ਵੀ ਸ਼ਹਿਰ ਦੇ ਮਾਨਯੋਗ ਅਤੇ ਪੜ੍ਹੇਲਿਖੇ ਲੋਕ ਆਏ ਹੋਏ ਸਨ । ਏਥੇ ਵੀ ਚੰਗੇ ਫ਼ੰਗਸ਼ਨ ਹੋਏ । ਜਮਾਤ ਦਾ ਪਰੀਚੈ ਤਾਂ ਓਥੇ ਹੈ ਹੀ ਹੋਰ ਵੱਧਿਆ । ਨੋਰਡਹਾਰਨ ਵਿੱਚ ਹਾਲੈਂਡ ਤੋਂ ਜਰਮਨੀ ਜਾਂਦਿਆਂ ਹੋਇਆਂ ਮਸਜਿਦ ਦਾ ਨੀਂਹ ਪਥੱਰ ਰੱਖਿਆ । ਫਿਰ ਓਥੇ ਇਕ ਟੀਵੀ ਚੈਨਲ ਨੇ ਵੀ ਇੰਟਰਵੀਊ ਲਿਆ ਖ਼ਬਰ ਵੀ ਪ੍ਰਸਾਰਤ ਕੀਤੀ । ਇਕ ਸਾਬਕ ਮੇਅਰ ਵੀ ਓਥੇ ਆਏ ਹੋਏ ਸਨ, ਫ਼ੰਗਸ਼ਨ ਦੇ ਬਾਦ ਕਹਿਣ ਲੱਗੇ ਕਿ ਮੈਂ ਆਪਣੇ ਸਾਥੀਆਂ ਨੂੰ ਕਹਿ ਦਿੱਤਾ ਹੈ ਕਿ ਇਸ ਐਤਵਾਰ ਨੂੰ ਚਰਚ ਜਾਣ ਦੀ ਲੋੜ ਨਹੀਂ, ਤੁਹਾਨੂੰ, ਕਿਉਂਕਿ ਜੋ ਕੁਝ ਸਾਡੇ ਲਈ ਜ਼ਰੂਰੀ ਸੀ ਉਹ ਉਹਨਾਂ ਦੇ ਖ਼ਲੀਫ਼ਾ ਨੇ ਕਹਿ ਦਿੱਤਾ ਹੈ । ਇਸ ਪ੍ਰਕਾਰ ਵੀ ਲੋਕ ਆਪਣੇ ਵਿਚਾਰ ਪ੍ਰਕਟ ਕਰਦੇ ਹਨ । ਅਲੱਾਹ ਤਆਲਾ ਹਕੀਕਤ ਵਿੱਚ ਵੀ ਉਹਨਾਂ ਦੇ ਦਿਲ ਖੋਲ ਦੇਵੇ ਅਤੇ ਵਾਸਤਵਿਕ ਰੂਪ ਵਿੱਚ ਇਸਲਾਮੀ ਸਿੱਖਿਆ ਨੂੰ ਸਮਝ ਕੇ ਕੁਬੂਲ ਕਰਨ ਵਾਲੇ ਹੋਣ । ਇਕ ਜਰਮਨੀ ਇਸਤਰੀ ਕਹਿਣ

ਲੱਗੀ ਕਿ ਵਾਸਤਵ ਵਿੱਚ ਇਹ ਬਹੁਤ ਚੰਗਾ ਸਮਾਰੋਹ ਸੀ ਮੈਂ ਇਸਲਾਮ ਬਾਰੇ ਬਹੁਤਾ ਨਹੀਂ ਜਾਣਦੀ ਪਰ ਅੱਜ ਜਿਵੇਂ ਖ਼ਲੀਫ਼ਾਤੁਲ ਮਸੀਹ ਨੇ ਮੈਂਨੂੰ ਸਮਝਾਇਆ ਹੈ ਇਸ ਦਾ ਸਹੀ ਗਿਆਨ ਹੋਇਆ ਹੈ ।

ਫਿਰ ਇਕ ਜਰਮਨ ਕਹਿੰਦੇ ਹਨ ਕਿ ਮੈਂ ਧਾਰਮਕ ਪੱਖੋਂ ਕੈਥੋਲਿਕ ਹਾਂ ਅਤੇ ਅੱਜ ਮੈਂ ਇਕ ਹੋਰ ਸੁੰਦਰ ਧਰਮ ਇਸਲਾਮ ਬਾਰੇ ਸਿੱਖਿਆ ਹੈ । ਖ਼ਲੀਫ਼ਾ ਦੇ ਭਾਸ਼ਣ ਨਾਲ ਮੈਂਨੂੰ ਇਸਲਾਮ ਦਾ ਅਧਿਐਨ ਕਰਨ ਦਾ ਸ਼ੌਕ ਹੋਇਆ ਹੈ ਉਹਨਾਂ ਨੇ ਸਾਨੂੰ ਇਸਲਾਮ ਦੀ ਵਾਸਤਵਿਕਤਾ ਦੱਸੀ ਹੈ । ਕਹਿੰਦੇ ਹਨ ਕਿ ਮੈਂਨੂੰ ਪਤਾ ਲਗੱਾ ਹੈ ਕਿ ਇਸਲਾਮ ਦੀ ਨੀਂਹ ਪ੍ਰੇਮ, ਆਜ਼ਾਦੀ ਤੇ ਅਮਨ ਉਪੱਰ ਕਾਇਮ ਹੈ । ਮੈਂਨੂੰ ਸਭ ਤੋਂ ਚੰਗੀ ਗੱਲ ਇਹ ਲੱਗੀ ਕਿ ਉਹਨਾਂ ਨੇ ਕਿਹਾ ਕਿ ਇਸਲਾਮ ਗਵਾਂਢੀਆਂ ਦੇ ਅਧਿਕਾਰਾਂ ਉਪੱਰ ਬਹੁਤ ਜ਼ੋਰ ਦਿੰਦਾ ਹੈ । ਇਕ ਜਰਮਨ ਇਸਤਰੀ ਕਹਿੰਦੀ ਹਨ ਕਿ ਮੈਂ ਧਾਰਮਕ ਇਸਤਰੀ ਨਹੀਂ ਹਾਂ ਅਤੇ ਨ ਹੀ ਕਿਸੇ ਧਰਮ ਉਪੱਰ ਵਿਸ਼ਵਾਸ ਰੱਖਦੀ ਹਾਂ ਸਗੋਂ ਮੈਂਨੂੰ ਇਹ ਵੀ ਨਹੀਂ ਪਤਾ ਕਿ ਦੁਨੀਆ ਵਿੱਚ ਇਕ ਖ਼ਲੀਫ਼ਾ ਹੈ, ਪਰ ਜੱਦ ਮੈਂ ਇਸ ਖ਼ਲੀਫ਼ਾ ਨੂੰ ਦੇਖਿਆ ਅਤੇ ਸੁਣਿਆ ਹੈ ਤਾਂ ਕਹਿੰਦੀ ਹਨ ਕਿ ਅੱਜ ਮੈਂ ਇਸਲਾਮ ਬਾਰੇ ਚੰਗੀ ਰਾਏ ਲੈਕੇ ਜਾ ਰਹੀ ਹਾਂ । ਮੈਂ ਸਿੱਖਿਆ ਹੈ ਕਿ ਮਸਜਿਦ ਕੇਵਲ ਇਬਾਦਤ ਲਈ ਨਹੀਂ ਹੈ ਸਗੋਂ ਲੋਕਾਂ ਦੀ ਸੇਵਾ ਲਈ ਵੀ ਹੈ । ਮੈਂ ਸਿੱਖਿਆ ਹੈ ਕਿ ਮਸਜਿਦ ਗਵਾਂਢੀਆਂ ਦਾ ਖ਼ਿਆਲ ਰਖੱਣ ਦੀ ਵੀ ਥਾਂ ਹੈ । ਮੈਂ ਸਿੱਖਿਆ ਹੈ ਕਿ ਮਸਜਿਦ ਅਮਨ ਫ਼ੈਲਾਉਣ ਦੀ ਵੀ ਥਾਂ ਹੈ, ਇਸਲਾਮ ਬਾਰੇ ਸਾਰੇ ਪ੍ਰਸ਼ਨ ਜਾਂ ਖ਼ੌਫ਼ ਜੋ ਕਿਸੇ ਮਨੁੱਖ ਨੂੰ ਹੋ ਸਕਦੇ ਹਨ ਇਮਾਮ ਜਮਾਤ ਅਹਮਦੀਆ ਦੇ ਭਾਸ਼ਣ ਤੋਂ ਦੂਰ ਹੋ ਜਾਂਦੇ ਹਨ । ਇਕ ਜਰਮਨੀ ਇਸਤਰੀ ਵੀ ਇਸ ਮੌਕੇ'ਤੇ ਆਈ ਹੋਈ ਸਨ, ਇਹ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਹਿੰਦੀ ਹਨ ਕਿ ਜੋ ਆਪ ਦੀ ਵਿਵਸਥਾ ਹੈ ਇਸ ਵਿੱਚ ਹਰ ਮਨੁੱਖ ਸੁਲਝਿਆ ਹੋਇਆ ਮਨੁੱਖ ਦਿਖਾਈ ਦੇ ਰਿਹਾ ਹੈ । ਫ਼ਰਮਾਇਆ ਇਹ ਵਿਚਾਰ ਜੋ ਲੋਕਾਂ ਦੇ ਹੁੰਦੇ ਹਨ ਇਹ ਸਾਨੂੰ ਇਹ ਚੇਤੇ ਕਰਾਉਣ ਲਈ ਵੀ ਹੁੰਦੇਹਨ ਕਿ ਸਾਨੂੰ ਹਮੇਸ਼ਾ ਆਪਣਾ ਰਵਈਆ ਅਜਿਹਾ ਰਖੱਣਾ ਚਾਹੀਦਾ ਹੈ ਕਿ ਸੁਲਝੇ ਹੋਏ ਦਿਖਾਈ ਹੀ ਦਿਓ । ਕੇਵਲ ਇਹ ਅਸਥਈ ਮੌਕਿਆਂ ਉਪੱਰ ਨਹੀਂ ਸਗੋਂ ਇਹ ਆਪਣੇ ਅੰਦਰ ਨਿਰੰਤਰ ਬਣਾਓ । ਸੋ, ਇਹ ਲੋਕ ਸਮਝਦੇ ਹਨ ਕਿ ਆਜ਼ਾਦੀ ਦੇ ਨਾਂ'ਤੇ ਬੱਚਿਆਂ ਨੂੰ ਇਹ ਸਿੱਖਿਆ ਦਿੱਤੀ ਜਾ ਰਹੀ ਹੈ, ਬਹੁਤ ਕੁਝ ਹੈ ਏਥੋਂ ਦੇ ਰਹਿਣ ਵਾਲੇ ਲੋਕ ਆਪ ਬਹੁਤ ਪ੍ਰੇਸ਼ਾਨ ਹਨ ਇਹਨਾਂ ਗੱਲਾਂ ਤੋਂ, ਇਸ ਲਈ ਆਪਣੇ ਬੱਚਿਆਂ ਨੂੰ ਸਾਨੂੰ ਵੀ ਵਿਸ਼ੇਸ਼ ਰੂਪ ਵਿੱਚ ਘਰਾਂ ਵਿੱਚ ਸਮਝਾਉਂਣਾ ਚਾਹੀਦਾ ਹੈ ਕਿ ਹਰ ਗੱਲ ਜੋ ਉਹਨਾ ਦੀ ਸੱਚ ਨਹੀਂ ਹੈ ਸਗੋਂ ਤੁਹਾਨੂੰ ਇਸਲਾਮੀ ਕਦਰਾਂ ਕੀਮਤਾਂ ਵੱਲ ਦੇਖਣਾ ਬਹੁਤ ਜ਼ਰੂਰੀ ਹੈ ਅਤੇ ਉਹਨਾਂ ਦਾ ਖ਼ਿਆਲ ਰੱਖੋ ।

ਇਸੇ ਪ੍ਰਕਾਰ ਇਕ ਪਤੀ ਪਤਨੀ ਓਥੇ ਬੈਠੇ ਹੋਏ ਸਨ ਓਥੇ ਇਕ ਅਹਮਦੀ ਨਾਲ ਪਰਦੇ ਬਾਰੇ ਬਹਿਸ ਅਰੰਭ ਹੋ ਗਈ । ਉਹਨਾ ਦੇ ਪੁੱਛਿਆ ਕਿ ਇਸਤਰੀਆਂ ਕਿਉਂ ਨਹੀਂ ਹਨ ਕੇਵਲ ਪੁਰੁਖ ਹੀ ਕਿਉਂ ਦਿਖਾਈ ਦੇ ਰਹੇ ਹਨ । ਇਸਤਰੀਆਂ ਲਈ ਵੱਖਰੀ ਮਾਰਕੀ ਕਿਉਂ ਹੈ, ਜੱਦ ਉਹਨਾਂ ਨੇ ਮੇਰਾ ਭਾਸ਼ਣ ਸੁਣ ਲਿਆ ਅਤੇ ਫਿਰ ਉਹਨਾਂ ਨੂੰ ਪਰਦੇ ਦੀ ਰੂਹ ਦੱਸੀ ਗਈ ਕਿ ਕੀ ਕਾਰਣ ਹੈ ਤਾਂ ਫਿਰ ਕਹਿਣ ਲੱਗੀ ਕਿ ਪਛੱਮ ਵਿੱਚ ਇਸਤਰੀਆਂ ਦੀ ਆਜ਼ਾਦੀ ਕੇਵਲ ਓਪਰੀ ਹੈ ਅਤੇ ਉਚਿਤ ਆਜ਼ਾਦੀ ਨਹੀਂ ਹੈ ਅਤੇ ਕਹਿੰਦੀ ਹਨ ਕਿ ਹੁਣ ਜੋ ਆਪ ਨੇ ਪਰਦੇ ਦਾ concept ਮੈਂਨੂ ਸਮਝਾਇਆ ਹੈ ਹੁਣ ਮੈਂਨੂੰ ਸਮਝ ਆ ਗਈ ਹੈ ਕਿ ਇਸ ਵਿੱਚ ਔਰਤ ਦੀ ਸ਼ਾਨ ਹੈ । ਸੋ ਗ਼ੈਰਾਂ ਨੂੰ ਵੀ ਇਸਲਾਮੀ ਸਿੱਖਿਆ ਸਮਝ ਆ ਰਹੀ ਹੈ ਇਸ ਲਈ ਸਾਡੀਆਂ ਔਰਤਾਂ ਨੂੰ ਪਰਦੇ ਬਾਰੇ ਜੋ complex ਹੋ ਜਾਂਦਾ ਹੈ ਕਈ ਵਾਰ ਉਹ ਨਹੀਂ ਹੋਣਾ ਚਾਹੀਦਾ ਅਤੇ ਉਹਨਾਂ ਦਾ ਵਿਸ਼ਵਾਸ ਵਧੱਣਾ ਚਾਹੀਦਾ ਹੈ ਨ ਕਿ ਕਿਸੇ ਪ੍ਰਕਾਰ ਪ੍ਰੇਸ਼ਾਨੀ ਜਾ ਬਣਾਵਟ ਹੋਵੇ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਅਨੇਕਾਂ ਮਹਿਮਾਨਾ ਦੇ ਇਮਾਨ (ਆਸਥਾ) ਵਧਾਉਣ ਵਾਲੀਆਂ ਗੱਲਾਂ ਸੁਣਾਈਆਂ ਅਤੇ ਫ਼ਰਮਾਇਆ : ਜਾਮਿਆ ਅਹਮਦੀਆ ਦੀ ਪਹਿਲੀ ਕਲਾਸ ਵੀ ਸੱਤ ਸਾਲ ਪੂਰੇ ਕਰਕੇ ਆਪਣਾ ਕੋਰਸ ਪੂਰਾ ਕਰਕੇ ਇਸ ਵਾਰ ਪਾਸ ਹੋਈ ਹੈ । **16** ਮੁਬੱਲਗ਼ੀਨ ਤਿਆਰ ਹੋਏ ਹਨ ਉਹਨਾਂ ਦਾ ਸਾਲਾਨਾ

ਕਨਵੋਕੇਸ਼ਨ ਵੀ ਸੀ, ਜਰਮਨੀ ਜਾਣ ਦਾ ਅਸਲ ਮੰਤਵ ਵੀ ਇਹੋ ਸੀ । 2008 ਈ. ਵਿੱਚ ਏਥੇ ਜਾਮਿਆ ਅਰੰਭ ਹੋਇਆ ਸੀ, ਬੈਤੁਸੱਬੂਹ ਦੀ ਛੋਟੀ ਜਿਹੀ ਬਿਲਡਿੰਗ ਵਿੱਚ ਕੁਝ ਕਮਰਿਆਂ ਵਿੱਚ ਅਤੇ ਹੁਣ ਰੱਬ ਦੀ ਅਪਾਰ ਮਿਹਰ ਨਾਲ ਉਹਨਾਂ ਨੇ ਬਕਾਇਦਾ ਜਾਮਿਆ ਦੀ ਸੁੰਦਰ ਇਮਾਰਤ ਉਸਾਰ ਲਈ ਹੈ ਜਿਸ ਵਿੱਚ ਸਾਰੀਆਂ ਸਹੂਲਤਾਂ ਹਨ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਯੱਦਾਹੁਲੱਾਹ ਤਆਲਾ ਨੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਪੁਤੱਰ ਮਿਰਜ਼ਾ ਅਜ਼ਹਰ ਅਹਮਦ ਸਾਹਬ ਦੀ ਨਮਾਜ਼ ਜਨਾਜ਼ਾ ਗ਼ਾਇਬ ਪੜ੍ਹਾਏ ਜਾਣ ਦਾ ਐਲਾਨ ਕੀਤਾ ਅਤੇ ਆਪ ਦੇ ਸਦਗੁਣਾ ਤੇ ਸੇਵਾਵਾਂ ਦਾ ਵਰਨਣ ਕੀਤਾ, ਇਹਨਾਂ ਦੀ ਵਫ਼ਾਤ 14 ਅਕਤੂਬਰ 2015 ਈ. ਨੂੰ ਹੋ ਗਈ ਸੀ । ਸਯੱਦਨਾ ਹਜ਼ੂਰ ਅਨਵਰ ਨੇ ਮਿਰਜ਼ਾ ਅਜ਼ਹਰ ਅਹਮਦੀ ਦੇ ਸਦਗੁਣ ਵਰਨਣ ਕਰਦਿਆਂ ਹੋਇਆਂ ਇਹ ਨੁਕਤਾ ਵੀ ਵਰਨਣ ਕੀਤਾ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੇ ਇਹਨਾਂ ਦੇ ਨਿਕਾਹ ਦੇ ਖ਼ੁਤਬੇ ਵਿੱਚ ਫ਼ਰਮਾਇਆ ਸੀ ਕਿ ਅੱਜ ਜਿਸ ਨਿਕਾਹ ਦਾ ਐਲਾਨ ਕਰਨ ਲਈ ਮੈਂ ਖੜਾ ਹੋਇਆ ਹਾਂ ਉਹ ਮੇਰੇ ਲੜਕੇ ਮਿਰਜ਼ਾ ਅਜ਼ਹਰ ਅਹਮਦ ਦਾ ਹੈ ਜੋ ਖ਼ਾਨ ਸਈਦ ਅਹਮਦ ਖਾਨ ਮਰਹੂਮ ਦੀ ਲੜਕੀ ਕੈਸਰਾ ਖ਼ਾਨਮ ਨਾਲ ਕਰਾਰ ਪਾਇਆ ਹੈ । ਹਜ਼ਰਤ ਮੁਸਲਿਹ ਮੌਊਦ ਕਹਿੰਦੇ ਹਨ ਕਿ ਅਤਿਅੰਤ ਦੁੱਖ ਦੀ ਗੱਲ ਹੈ ਕਿ ਸਾਡੀ ਜਮਾਤ ਆਪਣੀ ਤਵਾਰੀਖ਼ ਚੇਤੇ ਰਖੱਣ ਵਿੱਚ ਅਤਿ ਸੁਸਤ ਸਿੱਧ ਹੋਈ ਹੈ । ਸਾਇਦ ਹੀ ਕੋਈ ਹੋਰ ਕੌਮ ਅਜਿਹੀ ਹੋਵੇ ਜੋ ਆਪਣੀ ਤਵਾਰੀਖ਼ ਨੂੰ ਚੇਤ ਰਖੱਣ ਵਿੱਚ ਐਨ੍ਹੀ ਸੁਸਤ ਹੋਵੇ ਜਿੰਨ੍ਹੀ ਸਾਡੀ ਜਮਾਤ ਹੈ । ਈਸਾਈਆਂ ਨੂੰ ਲੈ ਲਓ ਉਹਨਾਂ ਨੇ ਆਪਣਾ ਇਤਿਹਾਸ ਚੇਤੇ ਰਖੱਣ ਵਿੱਚ ਐਨ੍ਹੀ ਢਿੱਲ ਨਹੀਂ ਵਰਤੀ ਅਤੇ ਮੁਸਲਮਾਨਾਂ ਦੇ ਤਾਂ ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਦੇ ਹਾਲਾਤਾਂ ਨੂੰ ਐਨ੍ਹੇ ਵਿਸਥਾਰ ਨਾਲ ਵਰਨਣ ਕੀਤਾ ਹੈ ਇਕ ਵਿਸ਼ੇ ਉਪੱਰ ਕਈ ਕਿਤਾਬਾਂ ਕਈ ਕਈ ਹਜ਼ਾਰ ਪੰਨ੍ਹਿਆਂ ਉਪੱਰ ਅਧਾਰਤ ਹਨ ਪਰ ਸਾਡੀ ਜਮਾਤ ਵਿਦਿਅਕ ਜੁੱਗ ਵਿੱਚ ਪੈਦਾ ਹੁੰਦਿਆਂ ਹੋਇਆਂ ਵੀ ਆਪਣੇ ਇਤਹਾਸ ਨੂੰ ਚੇਤੇ ਰਖੱਣ ਵਿੱਚ ਅਤਿ ਗ਼ਫ਼ਲਤ ਨਾਲ ਕੰਮ ਲੈ ਰਹੀ ਹੈ । ਸਯੱਦਨਾ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਆਲਾ ਨੇ ਫ਼ਰਮਾਇਆ : ਸੋ, ਇਸ ਗੱਲ ਦਾ ਵੀ ਖ਼ਿਆਲ ਰਖੱਣਾ ਚਾਹੀਦਾ ਹੈ, ਲੋਕਾਂ ਨੂੰ ਧਿਆਨ ਦੇਣਾ ਚਾਹੀਦਾ ਹੈ, ਪਹਿਲਾਂ ਵੀ ਧਿਆਨ ਦੁਆਇਆ ਹੋਇਆ ਹੈ ਕਿ ਆਪਣੇ ਇਤਹਾਸ, ਆਪਣੀ ਖ਼ਾਨਦਾਨੀ ਤਵਾਰੀਖ਼ ਨੂੰ ਚੇਤੇ ਰਖੱਣ ਦਾ ਜਤਨ ਕਰੋ ਅਤੇ ਜੋ ਸਹਾਬਾ ਹਨ ਉਹਨਾਂ ਦਾ ਵਰਨਣ ਹੋਣਾ ਚਾਹੀਦਾ ਹੈ, ਉਹਨਾਂ ਬਾਰੇ ਲਿੱਖਿਆ ਜਾਣਾ ਚਹੀਦਾ ਹੈ । ਇਸ ਦੇ ਇਤਿਹਾਸਕ ਸਬਬ ਕਰਕੇ ਹੀ ਮੈਂਨੂੰ ਇਸ ਗੱਲ ਦਾ ਵਿਚਾਰ ਆਇਆ ਕਿ ਮੈਂ ਉਹਨਾਂ ਦੇ ਪਤਨੀ ਦੀ ਕੁਝ ਸਾਲ ਪਹਿਲਾਂ ਵਫ਼ਾਤ ਹੋਈ ਸੀ ਉਸ ਵਿੱਚ ਵੀ ਵਰਨਣ ਕੀਤਾ ਸੀ । ਸੋ, ਰੱਬ ਤੋਂ ਦੁਆ ਹੈ ਕਿ ਰੱਬ ਉਹਨਾਂ ਨਾਲ ਰਹਿਮ ਤੇ ਬਖ਼ਸ਼ਿਸ਼ ਦਾ ਵਰਤਾਓ ਕਰੇ ਅਤੇ ਆਪਣ ਪਿਆਰਿਆਂ ਦੇ ਪੈਰ੍ਹਾਂ ਵਿੱਚ ਥਾਂ ਪ੍ਰਦਾਨ ਕਰੇ ।

**Khulasa Khutba 23.10.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131